# ਸੀਨਾ ਪਾਟਣ ਦੀ ਗੱਲ

ਸਾਧੂ ਬਿਨਿੰਗ

ਸਮੁੰਦਰ ਦਾ ਉਹੀ ਕਿਨਾਰਾ
ਜਿੱਥੇ ਕਦੀ ਪਹੁੰਚਿਆ ਸੀ ਕਾਮਾਗਾਟਾ ਮਾਰੂ
ਤੇ ਮਾਸ ਖੋਰੀਆਂ ਤੋਪਾਂ ਦੇ ਅੱਗੇ ਲੱਗ
ਭੁੱਖੇ ਹਾਥੀ ਦੀ ਤਰਾਂ ਚਿੰਘਾੜ੍ਹਦਾ
ਵਾਪਸ ਮੁੜ ਗਿਆ ਸੀ
ਬਿਨਾਂ ਰੇਤ ਦਾ ਚੁੰਮਣ ਲਏ

ਵਿੱਖਰੇ ਪੱਥਰਾਂ
ਟੁੱਟੀਆਂ ਲੱਕੜਾਂ ਵਿਚਾਲੇ
ਰੇਤ ’ਤੇ ਬੈਠਾ
ਮੈਂ ਸੋਚਦਾ ਹਾਂ
ਕਿਵੇਂ ਇਹ ਦੇਖਦੇ ਰਹੇ, ਸੁਣਦੇ ਰਹੇ
ਸਾਡੇ ਬਜ਼ ਦੀਆਂ ਆਵਾਜ਼ਾਂ
ਬਿਨਾਂ ਕੋਈ ਦਿੱਤੇ ਹੁੰਗਾਰਾ

ਮੈਂ ਛੱਲਾਂ ’ਚੋਂ ਸੰਗੀਤ ਭਾਲਦਾ ਹਾਂ
ਪਰ ਮੇਰੇ ਕੰਨਾਂ ਨਾਲ ਵੱਜਦੀਆਂ ਹਨ
ਮਾਰੂ ’ਚੋਣ ਆ ਰਹੀਆਂ ਪੰਜਾਬੀ ਆਵਾਜ਼ਾਂ

ਮੈਂ ਤੁਰਦੇ ਫਿਰਦੇ ਪੱਥਰਾਂ ਤੋਂ ਪੁੱਛਦਾ ਹਾਂ

ਸੀਨਾ ਪਾਟਣ ਦੀ ਗੱਲ

ਉਹ ਹੱਸਦੇ ਹਨ

ਤੇ ਮੂੰਹ ਘੁਮਾ ਕੇ ਅੱਗੇ ਲੰਘ ਜਾਂਦੇ ਹਨ